# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 05-08-2024**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼ ਵਿੱਚ ਰਿਕਾਰਡ ਗੈਸ ਉਤਪਾਦਨ ਦੀ ਸ਼ਲਾਘਾ ਕੀਤੀ ਏ। ਉਨ੍ਹਾਂ ਕਿਹਾ ਕਿ ਵਿਕਸਤ ਭਾਰਤ ਦੇ ਟੀਚੇ ਨੂੰ ਹਾਸਲ ਕਰਨ ਲਈ ਊਰਜਾ ਖੇਤਰ ਵਿੱਚ ਆਤਮ-ਨਿਰਭਰਤਾ ਬਹੁਤ ਜ਼ਰੂਰੀ ਏ। ਉਨ੍ਹਾਂ ਦੀ ਇਹ ਪ੍ਰਤੀਕਿਰਿਆ, ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਦੇ ਉਸ ਪੋਸਟ 'ਤੇ ਆਈ ਏ, ਜਿਸ 'ਚ ਕਿਹਾ ਗਿਆ ਸੀ, ਕਿ ਭਾਰਤ ਨੇ ਰਿਕਾਰਡ ਗੈਸ ਦਾ ਉਤਪਾਦਨ ਕੀਤਾ ਏ। ਕੇਂਦਰੀ ਮੰਤਰੀ ਵੱਲੋਂ ਸਾਂਝੇ ਕੀਤੇ ਅੰਕੜਿਆਂ ਮੁਤਾਬਿਕ, ਸਾਲ 2026 ਵਿੱਚ ਗੈਸ ਉਤਪਾਦਨ 45 ਇਸ਼ਾਰਿਆ 3 ਬੀ.ਸੀ.ਐਮ ਹੋਣ ਦਾ ਅਨੁਮਾਨ ਏ। ਪ੍ਰਧਾਨ ਮੰਤਰੀ ਮੋਦੀ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਇਸ ਉਪਲਬਧੀ ਲਈ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ। ਉਨ੍ਹਾਂ

ਕਿਹਾ ਕਿ ਗੈਸ ਉਤਪਾਦਨ ਵਿੱਚ ਇਹ ਰਿਕਾਰਡ, ਇਸ ਦਿਸ਼ਾ ਵਿੱਚ ਸਾਡੀ ਪ੍ਰਤੀਬੱਧਤਾ ਦਾ ਪ੍ਰਤੱਖ ਸਬੂਤ ਏ ।

-----------------------------------------------------------

ਜਲੰਧਰ ਦੇ ਸਾਬਕਾ ਸੰਸਦ ਮੈਂਬਰ ਅਤੇ ਪੰਜਾਬ BJP ਆਗੂ ਸੁਸ਼ੀਲ ਰਿੰਕੂ ਨੇ, ਕੱਲ੍ਹ ਕੇਂਦਰੀ ਵਣਜ ਤੇ ਉਦਯੋਗ ਰਾਜ ਮੰਤਰੀ ਜਿਤਿਨ ਪ੍ਰਸਾਦ ਨਾਲ ਮੁਲਾਕਾਤ ਕੀਤੀ । ਇਸ ਦੌਰਾਨ ਪੰਜਾਬ ਦੇ ਵਪਾਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ, ਵਿਸਥਾਰ ਨਾਲ ਚਰਚਾ ਕੀਤੀ ਗਈ । ਸੁਸ਼ੀਲ ਰਿੰਕੂ ਨੇ ਕੇਂਦਰੀ ਮੰਤਰੀ ਤੋਂ ਮੰਗ ਕੀਤੀ, ਕਿ ਜਲੰਧਰ ਵਿੱਚ ਇੱਕ ਪ੍ਰਦਰਸ਼ਨੀ ਕੇਂਦਰ ਬਣਾਇਆ ਜਾਵੇ, ਤਾਂ ਜੋ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਆਪਣੇ ਉਤਪਾਦਾਂ ਨੂੰ ਪ੍ਰਦਰਸ਼ਿਤ ਕਰਨ ਦਾ ਮੌਕਾ ਮਿਲ ਸਕੇ । ਸੁਸ਼ੀਲ ਰਿੰਕੂ ਨੇ ਦੱਸਿਆ ਕਿ ਕੇਂਦਰੀ ਮੰਤਰੀ ਜਤਿਨ ਪ੍ਰਸਾਦ ਨਾਲ ਮੁਲਾਕਾਤ ਕਰਕੇ, ਪੰਜਾਬ ਨਾਲ ਸਬੰਧਤ ਕਾਰੋਬਾਰ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਅਤੇ ਆਦਮਪੁਰ ਹਵਾਈ ਅੱਡੇ ਦੀ ਕਨੈਕਟੀਵਿਟੀ ਵਧਾਉਣ ਦੀ ਮੰਗ ਕੀਤੀ ਗਈ ਏ । ਉਨ੍ਹਾਂ ਕਿਹਾ ਕਿ ਜਲੰਧਰ ਵਿੱਚ ਸੂਖਮ ਲਘੂ ਤੇ ਦਰਮਿਆਨੇ ਉਦਯੋਗਾਂ ਦੇ ਨਾਲ-ਨਾਲ ਵੱਡੀਆਂ ਸਨਅਤਾਂ ਨੇ । ਜਲੰਧਰ ਨੂੰ ਸਪੋਰਟਸ ਸਿਟੀ ਕਿਹਾ ਜਾਂਦਾ ਏ । ਖੇਡਾਂ ਨਾਲ ਸਬੰਧਤ ਬਹੁਤ ਸਾਰੇ ਉਤਪਾਦ ਇਥੋਂ ਬਰਾਮਦ ਕੀਤੇ ਜਾਂਦੇ

ਨੇ ਅਤੇ ਇੰਨਾ ਹੀ ਨਹੀਂ, ਇੱਥੇ ਸਰਜੀਕਲ ਸਾਮਾਨ ਤਿਆਰ ਕੀਤਾ ਜਾਂਦਾ ਏ, ਜਿਹੜਾ ਦੁਨੀਆ ਦੇ ਕਈ ਦੇਸ਼ਾਂ ਨੂੰ ਭੇਜਿਆ ਜਾਂਦਾ ਏ । ਜਲੰਧਰ ਵਿੱਚ ਖੇਡਾਂ ਤੇ ਸਰਜੀਕਲ ਉਤਪਾਦਾਂ ਦੀ ਉਤਪਾਦਨ ਸਮਰੱਥਾ ਨੂੰ ਵਧਾਉਣ ਅਤੇ ਵਿਸ਼ਵ ਮੰਡੀ ਵਿੱਚ ਬਰਾਮਦ ਕਰਨ ਲਈ, ਕੇਂਦਰੀ ਮੰਤਰੀ ਨੂੰ ਜਲੰਧਰ ਵਿੱਚ ਪ੍ਰਦਰਸ਼ਨੀ ਕੇਂਦਰ ਸਥਾਪਤ ਕਰਨ ਦੀ ਮੰਗ ਕੀਤੀ ਗਈ ਏ ।

---------------------------------------------------------------------

ਪੰਜਾਬ BJP ਦੇ ਮੀਤ ਪ੍ਰਧਾਨ ਡਾ. ਸੁਭਾਸ਼ ਸ਼ਰਮਾ, ਖਰੜ ਦੇ ਸ੍ਰੀ ਰਾਮ ਭਵਨ ਵਿਖੇ ਕਰਵਾਏ ਗਏ ਤੀਜ ਉਤਸਵ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਸ੍ਰੀ ਅਨੰਦਪੁਰ ਸਾਹਿਬ ਸੰਸਦੀ ਹਲਕੇ ਦੇ ਸਾਰੇ 9 ਹਲਕਿਆਂ ਦੀਆਂ ਔਰਤਾਂ ਅਤੇ ਕੁੜੀਆਂ ਅਮੀਰ ਪੁਰਾਣੇ ਰਵਾਇਤੀ ਤਿਉਹਾਰ ਤੀਜ ਨੂੰ ਮਨਾਉਣ ਲਈ ਮੌਜੂਦ ਰਹੀਆਂ । ਉਨ੍ਹਾਂ ਕਿਹਾ ਕਿ ਅਜਿਹੇ ਤਿਉਹਾਰ ਸਾਡੀਆਂ ਸਦੀਆਂ ਪੁਰਾਣੀ ਰਵਾਇਤਾਂ ਨੂੰ ਯਾਦ ਕਰਵਾਉਂਦੇ ਨੇ ਅਤੇ ਬੱਚਿਆਂ ਨੂੰ ਭਾਰਤੀ ਸੱਭਿਆਚਾਰ ਤੇ ਇਸ ਦੀ ਵਿਸ਼ਾਲਤਾ ਦਾ ਗਿਆਨ ਦਿੰਦੇ ਨੇ । ਡਾ. ਸੁਭਾਸ਼ ਸ਼ਰਮਾ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ, ਅਗਲੀਆਂ ਪੀੜ੍ਹੀਆਂ ਨੂੰ ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਦੀ ਯਾਦ ਕਰਵਾਕੇ ਦੇਸ਼ ਨੂੰ ਮਜ਼ਬੂਤ ਕਰਨ । ਕੁੜੀਆਂ

ਸਮੇਤ ਹੋਰਨਾਂ ਬਜ਼ੁਰਗਾਂ ਵੱਲੋਂ ਡਾਂਸ, ਗਿੱਧਾ ਤੇ ਕਿੱਕਲੀ ਪੇਸ਼ ਕੀਤੀ ਗਈ । ਪੀਂਗ ਦਾ ਅਜਿਹਾ ਹੀ ਦ੍ਰਿਸ਼ ਮਾਹੌਲ ਨੂੰ ਮਨਮੋਹਕ ਕਰ ਰਿਹਾ ਸੀ । ਇਸ ਤੋਂ ਇਲਾਵਾ ਖੀਰ, ਪੂੜੇ ਅਤੇ ਪਕੌੜੇ ਮੇਲੇ ਵਿਚ ਲੋਕਾਂ ਲਈ ਇਕ ਹੋਰ ਖਿੱਚ ਦਾ ਕੇਂਦਰ ਬਣੇ ।

---------------------------------------------------------------

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅੱਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਨੂੰ, ਸਿੰਘ ਸਾਹਿਬਾਨ ਦੀ ਗੈਰ ਰਸਮੀ ਗੱਲਬਾਤ ਕਰਾਰ ਦਿੰਦਿਆਂ, ਸਕੱਤਰੇਤ ਦੇ ਮੀਡੀਆ ਸਲਾਹਕਾਰ ਤਲਵਿੰਦਰ ਸਿੰਘ ਬੁੱਟਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ, ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ, ਦਿੱਤੇ ਸਪੱਸ਼ਟੀਕਰਨ ਨੂੰ ਲੈ ਕੇ ਪੈਦਾ ਕੀਤੇ ਜਾ ਰਹੇ, ਭਰਮ-ਭੁਲੇਖਿਆਂ ਨੂੰ ਦੂਰ ਕਰਨ ਲਈ, ਅੱਜ ਸਕੱਤਰੇਤ ਵਲੋਂ ਇਹ ਸਪੱਸ਼ਟੀਕਰਨ ਜਨਤਕ ਕੀਤਾ ਗਿਆ ਏ ਅਤੇ ਨੇੜ ਭਵਿੱਖ ਵਿਚ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ, ਇਸ ਸਪੱਸ਼ਟੀਕਰਨ ‘ਤੇ ਵਿਚਾਰ ਕਰਕੇ, ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਵਿਚ ਹੀ ਕੋਈ ਫ਼ੈਸਲਾ ਲਿਆ ਜਾਵੇਗਾ ।

---------------------------------------------------------

ਪੈਰਿਸ ਓਲੰਪਿਕ ਵਿਚ ਭਾਰਤੀ ਹਾਕੀ ਟੀਮ ਭਲਕੇ 6 ਅਗਸਤ ਨੂੰ ਆਪਣਾ ਸੈਮੀ-ਫਾਈਨਲ ਮੈਚ ਜਰਮਨੀ ਨਾਲ ਖੇਡੇਗੀ। ਕੁਆਰਟਰ ਫਾਈਨਲ ਵਿਚ ਭਾਰਤ ਨੇ ਕਲ ਗ੍ਰੇਟ ਬ੍ਰਿਟੇਨ ਨੂੰ ਪੇਨਲਟੀ ਸ਼ੂਟ ਆਊਟ ਵਿਚ, 4 -2 ਨਾਲ ਹਰਾਇਆ ਸੀ। ਇਸ ਜਿੱਤ ਤੇ ਹਾਕੀ ਪ੍ਰੇਮੀ ਬੇਹੱਦ ਖੁਸ਼ ਨੇ ਅਤੇ ਭਲਕੇ ਹੋਣ ਵਾਲੇ ਮੈਚ ਵਿਚ ਵੀ ਭਾਰਤ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਆਸ ਲਗਾਏ ਹੋਏ ਨੇ।

---------------------------------------------------------

ਬੰਗਾਲ ਦੀ ਖਾੜੀ 'ਚ ਬਣਿਆ ਦਬਾਅ, ਪੂਰੇ ਉੱਤਰੀ ਭਾਰਤ ਦੇ ਮਾਨਸੂਨ ਨੂੰ ਪ੍ਰਭਾਵਿਤ ਕਰ ਰਿਹਾ ਏ। ਦਬਾਅ ਕਾਰਨ ਨਮੀ ਵਾਲੀਆਂ ਹਵਾਵਾਂ, ਪੰਜਾਬ ਵੱਲ ਵਧਣ ਦੇ ਸਮਰੱਥ ਨਹੀਂ ਨੇ। ਹੁਣ ਆਸ ਏ ਕਿ 7 ਅਗਸਤ ਨੂੰ ਪੰਜਾਬ ਵਿਚ ਬਾਰਿਸ਼ ਹੋਵੇਗੀ ਅਤੇ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੇਗੀ।